Ontario

ਓਪਨ ਆਂਟੇਰੀਓ

ਨੌਕਰੀਆਂ ਤੇ ਵਿਕਾਸ ਲਈ ਆਂਟੇਰੀਓ ਦੀ ਯੋਜਨਾ



# 2010 ਆਂਟੇਰੀਓ ਬਜਟ

ਮੁੱਖ ਨੁਕਤੇ



ਆਂਟੇਰੀਓ 2010 ਸਰਕਾਰ ਦਾ ਭਾਸ਼ਨ ਆਂਟੇਰੀਓ ਵਿੱਚ ਨੌਕਰੀਆਂ ਅਤੇ ਆਰਥਕ ਵਿਕਾਸ ਲਈ ਇੱਕ ਪੰਜ ਸਾਲਾ ਯੋਜਨਾ ਪੇਸ਼ ਕਰਦਾ ਹੈ। 2010 ਬਜਟ ਵਧੇਰੇ ਨਿੱਗਰ ਆਰਥਕ ਭਵਿੱਖ ਕਾਇਮ ਕਰਨ ਲਈ ਹੇਠ ਦਰਜ ਢੰਗ ਤਜਵੀਜ਼ ਕਰਦਾ ਹੈ:

- ☑ ਆਂਟੇਰੀਓ ਵਿੱਚ ਕਾਲਜਾਂ ਅਤੇ ਯੂਨੀਵਰਸਿਟੀਆਂ ਅੰਦਰ ਵਿਦਿਆਰਥੀਆਂ ਲਈ ਨਵੀਆਂ ਥਾਵਾਂ
- ☑ ਉੱਤਰੀ ਭਾਗ ਲਈ ਮਦਦ
- ☑ ਬੁਨਿਆਦੀ ਢਾਂਚੇ, ਸਵੱਛ ਊਰਜਾ, ਪੂਰੇ ਦਿਨ ਲਈ ਸਿਖਿਆ ਅਤੇ ਬੱਚਿਆਂ ਦੀ ਸੰਭਾਲ ਲਈ ਨਿਵੇਸ਼
- ☑ ਜਨਤਕ ਸਾਧਨਾਂ ਦਾ ਜ਼ੁੰਮੇਦਾਰੀ ਨਾਲ ਪ੍ਰਬੰਧ

## ਵਿਦਿਆ ਲਈ ਓਪਨ ਆਂਟੇਰੀਓ

ਓਪਨ ਆਂਟੇਰੀਓ ਸਕੂਲਾਂ, ਕਾਲਜਾਂ, ਯੂਨੀਵਰਸਟੀਆਂ ਅਤੇ ਕਾਰੋਬਾਰਾਂ ਵਿੱਚ ਨਿਵੇਸ਼ ਕਰ ਕੇ ਨਵੀਂਆਂ ਨੌਕਰੀਆਂ ਪੈਦਾ ਕਰਨ ਵਿਚ ਮਦਦ ਕਰੇਗਾ।

ਇਸ ਦਾ ਟੀਚਾ ਪੋਸਟਸੈਕੰਡਰੀ ਪ੍ਰਾਪਤੀ ਦਰ ਨੂੰ ਵਧਾਅ ਕੇ 70 ਪ੍ਰਤੀਸ਼ਤ ਤੀਕ ਲਿਆਉਣਾ ਹੈ

- ☑ ਸਤੰਬਰ ਤੋਂ ਸ਼ੁਰੂ ਕਰ ਕੇ, ਕਾਲਜਾਂ, ਯੂਨੀਵਰਟਿਸੀਆਂ ਵਿੱਚ **20,000 ਨਵੀਆਂ ਥਾਵਾਂ** ਲਈ ਫੰਡ ਮੁਹੱਈਆ ਕਰਨੇ
- ☑ **ਹਰੇਕ ਯੋਗ ਆਂਟੇਰੀਓ ਵਾਸੀ,** ਜਿਹੜਾ ਕਾਲਜ ਜਾਂ ਯੂਨੀਵਰਸਿਟੀ ਜਾਣਾ ਚਾਹੁੰਦਾ ਹੋਵੇ, ਲਈ ਥਾਂ ਬਣਾਉਣੀ

www.ontario.ca/budget

## ਪੂਰੇ ਦਿਨ ਲਈ ਸਿਖਿਆ

ਓਪਨ ਆਂਟੇਰੀਓ ਚਾਰ-ਅਤੇ ਪੰਜ ਸਾਲ ਦੇ ਬੱਚਿਆਂ ਲਈ ਉੱਤਰੀ ਅਮਰੀਕਾ ਵਿੱਚ ਪੂਰੇ ਦਿਨ ਲਈ ਸਿਖਿਆ ਦਾ ਪਹਿਲਾ ਕਾਰਜ-ਖੇਤਰ ਹੋਵੇਗਾ।

- ☑ 600 ਸਕੂਲਾਂ ਵਿੱਚ **35,000 ਤੱਕ ਬੱਚਿਆਂ ਵਾਸਤੇ** ਪੂਰੇ ਦਿਨ ਲਈ ਸਿਖਿਆ ਸਤੰਬਰ ਤੋਂ ਸ਼ੁਰੂ ਹੁੰਦੀ **ਹੈ।**

## ਬੱਚਿਆਂ ਦੀ ਸੰਭਾਲ ਵਿੱਚ ਨਿਵਸ਼ ਕਰਨਾ

ਫ਼ੈਡਰਲ ਸਰਕਾਰ ਵੱਲੋਂ ਪੈਦਾ ਕੀਤੇ ਗਏ ਖੱਪੇ ਨੂੰ ਭਰਨ ਲਈ ਅਤੇ ਹੇਠ ਦਰਜ ਅਨੁਸਾਰ ਬੱਚਿਆਂ ਦੀ ਸੰਭਾਲ ਅਤੇ ਮਦਦ  ਕਰਨ ਲਈ ਫੰਡ ਦੇਣ ਵਾਸਤੇ $63.5 ਮਿਲੀਅਨ ਨਿਵੇਸ਼ ਕਰੇਗੀ:

- ☑ ਆਂਟੇਰੀਓ ਅੰਦਰ ਲੱਗ ਭਗ **8,500 ਬੱਚਿਆਂ** ਦੀ ਸੰਭਾਲ
- ☑ 1,000 ਚਾਇਲਡ ਕੇਅਰ ਵਰਕਰਾਂ ਦੀਆਂ ਨੌਕਰੀਆ ਕਾਇਮ।



## 2010 ਆਂਟ੍ਰੇਰੀਓ ਬਜਟ

ਟੋਲ-ਫ੍ਰੀ: 1-800-337-7222
ਟੀਟੀਵਾਈ ਟੋਲ-ਫ੍ਰੀ: 1-800-263-7776

www.ontario.ca/budget



Punjabi











## ਨੌਕਰੀਆਂ ਅਤੇ ਵਿਕਾਸ ਲਈ ਆਂਟੇਰੀਓ ਟੈਕਸ ਪਲੈਨ

ਸਰਕਾਰ ਨੇ ਟੈਕਸ ਵਿੱਚ ਕਈ ਪੁਸ਼ਤਾਂ ਵਿੱਚ ਸਭ ਤੋਂ ਮਹੱਤਵਪੂਰਨ ਸੁਧਾਰ ਲਿਆਉਣ ਦਾ ਬੀੜਾ ਚੁੱਕਿਆ ਹੈ ਜਿਸ ਰਾਹੀਂ ਨੌਕਰੀਆਂ ਕਾਇਮ ਹੋਣਗੀਆਂ ਅਤੇ ਨਵੇ ਨਿਵੇਸ਼ ਹੋਣਗੇ।

ਇਸ ਸਾਲ ਆਂਟੇਰੀਓ ਵੱਲੋਂ ਟੈਕਸਾਂ ਵਿੱਚ ਕਟੌਤੀ ਕੀਤੀ ਗਈ ਹੈ 'ਤੇ ਹਾਰਮੁਨਾਈਜ਼ਡ ਸੇਲਜ਼ ਟੈਕਸ ((HST) ਨੂੰ ਅੱਗੇ ਲਿਜਾਇਆ ਜਾ ਰਿਹਾ ਹੈ।

- ☑ 10 ਸਾਲਾਂ ਦੇ ਵਿੱਚ ਵਿੱਚ, ਇਹ ਅਤੇ ਦੂਜੇ ਕਦਮ ਲੱਗ ਭਗ **600,000 ਨਵੀਆਂ ਨੌਕਰੀਆਂ** ਕਾਇਮ ਕਰਨਗੇ, ਕਾਰੋਬਾਰਾਂ ਵਿੱਚ ਨਿਵੇਸ਼ ਕਰਨ ਲਈ $47 ਬਿਲੀਅਨ ਲਿਆਉਣਗੇ ਅਤੇ ਆਮਦਨੀਆਂ ਵਿੱਚ 8.8 ਪਤੀਸ਼ਤ ਵਾਧਾ ਕਰਨਗੇ।
- ☑ ਚਿਾਲੇ ਸਮੇਂ ਦੌਰਾਨ ਵਿਅਕਤੀਆਂ ਨੂੰ $300 ਤੀਕ ਅਤੇ ਪਰਿਵਾਰਾਂ ਨੂੰ $1,000 ਤੀਕ ਦੀਆਂ ਕੁੱਲ ਅਦਾਇਗੀਆਂ ਦੇ ਕੇ ਆਂਟੇਰੀਓ ਵਾਸੀਆਂ ਨੂੰ ਹਾਰਮੁਨਾਈਜ਼ਡ ਸੇਲਜ਼ ਟੈਕਸ ਨਾਲ ਢਲਣ ਵਿੱਚ ਮਦਦ ਮਿਲੇਗੀ।
- ☑ ਇੰਕਮ ਟੈਕਸ ਅਦਾ ਕਰਨ ਵਾਲਿਆਂ ਵਿੱਚੋਂ 93 ਪ੍ਰਤੀਸ਼ਤ ਦੇ ਟੈਕਸ ਵਿੱਚ ਕਟੌਤੀ ਕੀਤੀ ਗਈ ਹੈ।

ontario.ca/taxchange

## ਬੁਨਿਆਦੀ ਢਾਂਚੇ ਵਿੱਚ ਥੋੜ੍ਹੇ ਸਮੇਂ ਦੇ ਨਿਵੇਸ਼

ਸੜਕਾਂ,ਪੁਲਾਂ, ਆਵਾ-ਜਾਈ, ਸਕੂਲਾਂ, ਹਸਪਤਾਲਾਂ ਅਤੇ ਬੁਨਿਆਦੀ ਢਾਂਚੇ ਵਿੱਚ ਭਰਪੂਰ ਨਿਵੇਸ਼ ਸਾਡੇ ਭਾਈਚਾਰਿਆਂ ਵਿੱਚ 3000,000 ਨਾਲੋਂ ਵੱਧ ਨੌਕਰੀਆਂ ਪੈਦਾ ਕਰਨਗੇ।

ontario.ca/infrastructure



## ਹਰੀ ਆਰਥਕਤਾ ਵਿੱਚ ਨੌਕਰੀਆਂ

ਹਰੀ ਆਰਥਕਤਾ ਐਕਟ, 2009 ਤਿੰਨ ਸਾਲਾਂ ਵਿੱਚ **50,000 ਨਵੀਆਂ ਨੌਕਰੀਆਂ ਪੈਦਾ ਕਰੇਗਾ।**

ਓਪਨ ਆਂਟੇਰੀਓ ਦੁਆਰਾ ਪਾਣੀ ਸੰਬੰਧੀ ਨਵਾਂ ਤਜਵੀਜ਼ਸ਼ੁਦਾ ਪੈਂਤੜਾ ਆਂਟੇਰੀਓ ਵਿੱਚ ਪਾਣੀ ਦੇ ਸੋਮਿਆਂ ਦੀ ਸੁਰੱਖਿਆ ਕਰੇਗਾ ਅਤੇ ਨੌਕਰੀਆਂ ਵਿੱਚ ਵਾਧਾ ਕਰੇਗਾ।



## ਓਪਨ ਆਂਟੇਰੀਓ ਦਾ ਉੱਤਰੀ ਆਂਟੇਰੀਓ ਪੈਂਤੜਾ

ਹੇਠ ਦਰਜ ਕੰਮਾਂ ਲਈ ਤਿੰਨ ਸਾਲਾਂ ਦੌਰਾਨ ਅਸੀਂ ਲਗਭਗ $150 ਮਿਲੀਅਨ ਨਿਵੇਸ਼ ਕਰ ਰਹੇ ਹਾਂ:

- ☑ ਭਾਰੀ ਉਦਯੋਗਕ ਵਰਤੋਂ ਕਰਨ ਵਾਲਿਆਂ ਲਈ ਬਿਜਲੀ ਦੀਆਂ ਕੀਮਤਾਂ ਵਿੱਚ **25 ਪ੍ਰਤੀਸ਼ਤ ਕਮੀ**
- ☑ ਨੌਕਰੀਆਂ ਬਣਾਈ ਰੱਖਣ ਅਤੇ ਪੈਦਾ ਕਰਨ ਵਿੱਚ ਮਦਦ ਕਰਨੀ।



ਰਿੰਗ ਆਫ਼ ਫ਼ਾਇਰ ਰੀਜਨ ਵਿੱਚਲੇ ਆਦਿ-ਵਾਸੀ ਲੋਕਾਂ ਅਤੇ ਉੱਤਰੀ ਆਂਟੇਰੀਓ ਵਾਸੀਆਂ ਦੇ ਲਾਭ ਲਈ ਨਵੇਂ ਹੁਨਰਾਂ ਦੀ ਸਿਖਲਾਈ ਵਿੱਚ ਮਦਦ ਵਾਸਤੇ ਤਿੰਨਾਂ ਸਾਲਾਂ ਦੌਰਾਨ ਅਸੀਂ $45 ਮਿਲੀਅਨ ਨਿਵੇਸ਼ ਕਰ ਰਹੇ ਹਾਂ।

- ☑ ਰਿੰਗ ਆਫ਼ ਫ਼ਾਇਰ ਰੀਜਨ ਦਾ ਕੁਆਰਡੀਨੇਟਰ ਇਸ ਇਲਾਕੇ ਸੰਬੰਧੀ ਆਰਥਕ ਵਾਹਦੇ ਪੂਰੇ ਕਰਨ ਦੇ ਕੰਮ ਲਈ ਸਾਂਝੇ ਯਤਨਾਂ ਨੂੰ ਅੱਗੇ ਲਿਜਾਵੇਗਾ।

ਅਸੀਂ ਉਰਜਾ ਦੇ ਭਾਰੀ ਖ਼ਰਚਿਆਂ ਵਿੱਚ ਮਦਦ ਕਰਨ ਲਈ ਇੱਕ ਵਿਅਕਤੀ ਲਈ $130 ਤੀਕ ਅਤੇ ਪਰਿਵਾਰ ਲਈ $ 200 ਤੀਕ ਨਾਰਦਰਨ ਆਂਟੇਰੀਓ ਏਨਰਜੀ ਕ੍ਰੈਡਿਟ ਸ਼ੁਰੂ ਕਰ ਰਹੇ ਹਾਂ।

**ਇਹ ਕ੍ਰੈਡਿਟ ਪਰਾਂਤ ਭਰ ਵਿੱਚ ਉਪਲਬਧ ਸੇਲਜ਼ ਅਤੇ ਪਰਾਰਪਟੀ ਟੈਕਸ ਤੋਂ ਇਲਾਵਾ ਹੈ।**



## ਜ਼ੁੰਮੇਵਾਰੀ ਨਾਲ ਪ੍ਰਬੰਧ ਕਰਨਾ

*ਵਿੱਤੀ ਯੋਜਨਾ*

ਪੰਜਾਂ ਸਾਲਾਂ ਵਿੱਚ ਸਰਕਾਰ ਬਜਟ ਘਾਟੇ ਨੂੰ ਅੱਧਾ ਕਰ ਦੇਵੇਗੀ ਅਤੇ ਅੱਠਾਂ ਸਾਲਾਂ ਵਿੱਚ ਖ਼ਤਮ ਕਰ ਦੇਵੇਗੀ।

ਅੰਦਰੂਨੀ ਅਪਰੇਟਿੰਗ ਖ਼ਰਚਿਆਂ ਨੂੰ 2010-11 ਦੀ ਪੱਧਰ 'ਤੇ ਲਿਆ ਕੇ ਬੰਨ੍ਹ ਦਿਤਾ ਜਾਵੇਗਾ।

*ਮੁਆਵਜ਼ਾ*

ਸਕੂਲਾਂ ਅਤੇ ਹਸਪਤਾਲਾਂ ਜਿਹੀਆਂ ਜਨਤਕ ਸੇਵਾਵਾਂ ਨੂੰ ਚਾਲੂ ਰੱਖਣ ਲਈ 2011-12 ਤੱਕ ਵਾਲੇ ਖ਼ਰਚਿਆਂ ਦਾ ਪ੍ਰਬੰਧ ਕਰਨਾ ਅਤੇ 750 ਮਿਲੀਅਨ ਦੀ ਮੁੜ-ਵਿਉਂਤ ਕਰਨੀ:

- ☑ ਐਮ ਪੀ ਪੀਆਂ ਦੀਆਂ ਤਨਖ਼ਾਹਾਂ ਉਪਰ ਲੱਗੀ ਮੌਜੂਦਾ ਦੋ ਸਾਲਾ ਬੰਧਸ਼ ਦੇ ਸਮੇਂ ਨੂੰ ਵਧਾਉਂਦਿਆਂ ਹੋਇਆਂ ਉਨ੍ਹਾਂ ਦੀਆਂ ਤਨਖ਼ਾਹਾਂ ਵਿੱਚ ਤਿੰਨ ਸਾਲ ਵਾਧਾ ਨਹੀਂ ਕੀਤਾ ਜਾਵੇਗਾ
- ☑ ਮੋਟੇ ਤੌਰ ਤੇ ਪਬਲਿਕ ਸੈਕਟਰ ਅਤੇ ਔਂਟੇਰੀਓ ਪਬਲਿਕ ਸਰਵਿਸ ਵਿੱਚਲੇ ਗ਼ੈਰ-ਯੂਨੀਅਨ ਕਰਮਚਾਰੀਆਂ ਲਈ ਮੁਆਵਜ਼ੇ ਦੇ ਢਾਂਚੇ ਵਿੱਚ ਦੋ ਸਾਲ ਲਈ ਰੋਕ ਲਾ ਦਿੱਤੀ ਜਾਵੇਗੀ।
- ☑ ਮੌਜੂਦਾ ਸਮੂਹਕ ਇਕਾਰਨਾਮਿਆਂ ਨੂੰ ਚਾਲੂ ਰਹਿਣ ਦਿੱਤਾ ਜਾਵੇਗਾ।
- ☑ ਜਿਉਂ ਹੀ ਸਮੂਹਕ ਇਕਰਾਰਨਾਮਿਆਂ ਲਈ ਗੱਲ-ਬਾਤ ਹੁੰਦੀ ਹੈ, ਘੱਟੋ ਘੱਟ ਦੋ ਸਾਲਾਂ ਲਈ ਇਕਰਾਰਨਾਮੇਂ ਕਰਨ ਲਈ ਸਰਕਾਰ ਤਬਦੀਲੀ ਦੇ ਭਾਈਵਾਲਾਂ ਅਤੇ ਸੌਦਾ-ਬਾਜ਼ੀ ਕਰਨ ਵਾਲੇ ਏਜੰਟਾਂ ਨਾਲ ਮਿਲ ਕੇ ਕੰਮ ਕਰੇਗੀ।
- ☑ ਵਿੱਤੀ ਯੋਜਨਾ ਭਵਿੱਖ ਦੇ ਸਮੂਹਕ ਇਕਰਾਰਨਾਮਿਆਂ ਲਈ ਇੰਕਰੀਮੈਂਟਲ ਮੁਆਵਜ਼ੇ ਦੇ ਵਾਧੇ ਲਈ ਕੋਈ ਫ਼ੰਡ ਮੁਹੱਈਆ ਨਹੀਂ ਕਰਦੀ।